# ਸਿਟੀ ਆਫ਼ ਸਰੀ ਦੀ ਅਗਨੀ ਸੇਵਾ ਦੇ ਹੋਮਸੇਫ਼ ਪਰੋਗਰਾਮ ਵਿੱਚ ਸ਼ਾਮਲ ਭਾਈਵਾਲ ਵਲੋਂ ਛੋਟ ਅਤੇ ਰਿਹਾਈ

**ਕਿਰਪਾ ਕਰਕੇ ਧਿਆਨ ਨਾਲ ਪੜ੍ਹੋ ਕਿਉਂਕਿ ਇਸ ਵਿੱਚ ਲਿਖੀਆਂ ਸ਼ਰਤਾਂ ਤੁਹਾਡੇ ਕਲੇਮ ਦੇ ਹੱਕ ਨੂੰ ਸੀਮਤ ਕਰਦੀਆਂ ਹਨ।**

ਸਿਟੀ ਆਫ਼ ਸਰੀ ਮੈਨੂੰ ਧੂੰਏਂ ਦਾ ਅਲਾਰਮ ਅਤੇ/ਜਾਂ ਬੈਟਰੀਆਂ ਹੋਮਸੇਫ਼ ਪਰੋਗਰਾਮ ਦੁਆਰਾ ਬਗੈਰ ਕਿਸੇ ਕੀਮਤ ਤੋਂ ਦੇ ਰਹੀ ਹੈ। **ਮੈਂ ਇਹ ਸਮਝਦਾ ਹਾਂ ਅਤੇ ਸਹਿਮਤ ਹੁੰਦਾ ਹਾਂ ਕਿ ਧੂੰਏਂ ਦੇ ਅਲਾਰਮ ਦਾ ਰੱਖ ਰਖਾਵ ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ ਕਰਨ ਦੀ ਸਿਰਫ਼ ਮੇਰੀ ਜ਼ਿਮੇਵਾਰੀ ਹੈ।** ਰੱਖ ਰਖਾਵ ਵਿੱਚ ਸ਼ਾਮਲ ਹੈ, ਪਰ ਸੀਮਤ ਨਹੀਂ, ਹਰ ਮਹੀਨੇ ਧੂੰਏਂ ਦੇ ਅਲਾਰਮ ਨੂੰ ਟੈਸਟ ਕਰਨਾਂ ਅਤੇ ਇਹ ਸੁਨਿਸਚਿਤ ਕਰਨ ਲਈ ਕਿ ਧੂੰਏਂ ਦਾ ਅਲਾਰਮ ਠੀਕ ਕੰਮ ਕਰਦਾ ਰਹੇ ਸਾਲ ਵਿੱਚ ਇੱਕ ਵਾਰ ਬੈਟਰੀਆਂ ਖ਼੍ਰੀਦਨੀਆਂ ਅਤੇ ਬਦਲਨੀਆਂ। ਮੈਂ ਇਹ ਸਮਝਦਾ ਹਾਂ ਕਿ ਧੂੰਏਂ ਦਾ ਅਲਾਰਮ ਸਿਰਫ਼ ਠੀਕ ਚਾਰਜ ਵਾਲੀਆਂ ਬੈਟਰੀਆਂ ਨਾਲ ਹੀ ਕੰਮ ਕਰਦਾ ਹੈ ਕਿਉਂਕਿ ਕੁਝ ਸਮੇਂ ਬਾਅਦ ਬੈਟਰੀਆਂ ਦੀ ਤਾਕਤ ਘੱਟ ਜਾਂਦੀ ਹੈ।

ਮੈਂ ਇਹ ਵੀ ਸਮਝਦਾ ਹਾਂ ਕਿ ਧੂੰਏਂ ਦੇ ਅਲਾਰਮ ਅਤੇ ਬੈਟਰੀਆਂ ਨੁਕਸ ਵਾਲੀਆਂ ਹੋ ਸਕਦੀਆਂ ਹਨ ਅਤੇ ਸਿਟੀ ਆਫ਼ ਸਰੀ ਵਾਲੇ ਮੈਨੂੰ ਦਿੱਤੇ ਧੂੰਏਂ ਦੇ ਅਲਾਰਮ ਜਾਂ ਬੈਟਰੀਆਂ ਦੇ ਠੀਕ ਕੰਮ ਕਰਨ ਦੀ ਕਿਸੇ ਕਿਸਮ ਦੀ ਗਰੰਟੀ ਜਾਂ ਤਸੱਲੀ ਨਹੀਂ ਦਿੰਦੇ। ਇਸ ਤੋਂ ਇਲਾਵਾ ਸਿਟੀ ਆਫ਼ ਸਰੀ ਵਾਲੇ ਇਸ ਪਰੋਗਰਾਮ ਰਾਹੀਂ ਦਿੱਤੀਆਂ ਗਈਆਂ ਸੇਵਾਂਵਾਂ, ਧੂੰਏਂ ਦੇ ਅਲਾਰਮ ਦਾ ਠੀਕ ਤਰਾਂ ਲਗਾਉਣਾਂ, ਅਲਾਰਮ ਲਗਾਉਣ ਦੀ ਠੀਕ ਜਗਾਹ, ਧੂੰਏਂ ਦੇ ਅਲਾਰਮ ਦੀਆਂ ਬੈਟਰੀਆਂ ਬਦਲਨ ਜਾਂ ਇਸਨੂੰ ਟੈਸਟ ਕਰਨ ਜਾਂ ਸ਼ਹਿਰ ਦੇ ਕਰਮਚਾਰੀਆਂ ਦਾ ਉਪਲਭਦ ਹੋਣ ਜਾਂ ਇਸ ਦੀਆ ਸੇਵਾਂਵਾ ਦੇ ਠੀਕ ਕੰਮ ਕਰਨ ਵਿੱਚ ਮਦਦ ਕਰਨ ਦੀ ਕੋਈ ਗਰੰਟੀ ਨਹੀਂ ਦਿੰਦੇ। ਇਹ ਪਰੋਗਰਾਮ ਬਗੈਰ ਕਿਸੇ ਨੋਟਿਸ ਤੋਂ ਕਿਸੇ ਵਕਤ ਵੀ ਬੰਦ ਹੋ ਸਕਦਾ ਹੈ।

ਮੈਂ ਸਹਿਮਤ ਹਾਂ ਕਿ ਹੋਮਸੇਫ਼ ਪਰੋਗਰਾਮ ਵਿੱਚ ਹਿੱਸਾ ਲੈਕੇ ਮੈਨੂੰ, ਮੇਰੇ ਪਰਵਾਰ ਦੇ ਕਿਸੇ ਜੀਅ ਨੂੰ, ਮੇਰੇ ਮਹਿਮਾਨ, ਮੇਰੇ ਵਾਰਸ ਅਤੇ ਨੁਮਾਂਇੰਦੇ ਨੂੰ ਕਿਸੇ ਕਿਸਮ ਦੀ ਚੋਟ ਅਤੇ ਇਸ ਪਰੋਗਰਾਮ ਵਿੱਚ ਸ਼ਾਮਲ ਹੋਣ ਕਾਰਨ ਉਨ੍ਹਾਂ ਦੀ ਜਾਇਦਾਤ ਨੂੰ ਹੋਏ ਨੁਕਸਾਨ ਜਾਂ ਇਸ ਧੂੰਏਂ ਦੇ ਅਲਾਰਮ ਨੂੰ ਮਨਜ਼ੂਰ ਕਰਨ ਦੀ ਮੈਂ ਆਪਣੀ ਜ਼ਿੰਮੇਵਾਰੀ ਚੁੱਕ ਰਿਹਾ ਹਾਂ। ਮੈਂ ਸਿਟੀ ਆਫ਼ ਸਰੀ ਇਸਦੇ ਅਫਸਰ, ਏਜੰਟ, ਕਰਮਚਾਰੀ ਨੂੰ ਕਿਸੇ ਕਿਸਮ ਦਾ ਜ਼ਿੰਮੇਵਾਰ ਨਹੀਂ ਸਮਝਦਾ ਬੇਸ਼ੱਕ ਚੋਟ ਜਾਂ ਨੁਕਸਾਨ ਸਿਟੀ ਆਫ਼ ਸਰੀ ਦੀ ਲਾਪਰਵਾਹੀ ਕਾਰਨ ਹੀ ਹੋਇਆ ਹੋਵੇ।

ਮੈਂ ਦਸਖਤ ਕਰਨ ਤੋਂ ਪਹਿਲਾਂ ਇਹ ਛੋਟ ਅਤੇ ਰਿਹਾਈ ਦਾ ਇਕਰਾਰਨਾਮਾਂ ਪੜ੍ਹ ਲਿਆ ਹੈ। ਮੈਂ ਇਸ ਦੀਆਂ ਸ਼ਰਤਾਂ ਨੂੰ ਪੂਰੀ ਤਰਾਂ ਸਮਝ ਲਿਆ ਹੈ ਅਤੇ ਜਾਣਦਾ ਹਾਂ ਕਿ ਇਸਤੇ ਦਸਖਤ ਕਰਕੇ ਮੈਂ ਆਪਣੇ, ਵਾਰਸਾਂ, ਐਗਜ਼ੀਕਿਊਟਰ, ਐਡਮਿਨਿਸਟਰੇਟਰ ਅਤੇ ਨੁਮਾਂਇੰਦਿਆਂ ਦੇ ਕਨੂੰਨੀ ਹੱਕਾਂ ਨੂੰ ਪਰਭਾਵਤ ਕਰ ਰਿਹਾ ਹਾਂ। ਮੈਂ ਬਗੈਰ ਕਿਸੇ ਲਾਲਚ ਦੇ ਆਪਣੀ ਮਰਜ਼ੀ ਅਤੇ ਖੁਸ਼ੀ ਨਾਲ ਦਸਖਤ ਕਰ ਰਿਹਾ ਹਾਂ।

ਨਾਮ: ______________________________________________ ਤਾਰੀਖ਼: _____________________

ਪਤਾ: _________________________________________, ਸਰੀ ਦਾ ਫ਼ੋਨ: ____________________

ਉਮਰ ਦਾ ਗਰੁੱਪ (ਜੋ ਲਾਗੂ ਹੋਵੇ ਉਸ ਤੇ ਗੋਲ ਨਿਸ਼ਾਨ ਲਗਾਓ): ਬੱਚੇ ਬਾਲਗ ਬਜ਼ੁਰਗ

**ਦਸਖਤ**: ___________________________________________________________________

# ਡਿਟੈਕਟਰ ਲਗਾਏ _________ ਸਥਾਨ __________________________

ਹਾਲ ___________ ਸ਼ਿਫਟ ____________ ਬੈਜ ਨੰਬਰ.___________

ਫ਼ਾਇਰ ਆਰ ਐਮ ਐਸ ਦਾਖ਼ਲੇ ਦੀ ਤਾਰੀਖ਼ ________________